# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 21.12.2021 ਦੀ ਕਾਰਵਾਈ

(ਮਤਾ ਨੰ: **1122-1128)**

ਨਗਰ ਨਿਗਮ, ਜਲੰਧਰ ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 21.12.2021 ਨੂੰ ਮੇਅਰ ਜੀ ਦੇ ਕੈਂਪ ਦਫਤਰ, ਮਾਡਲ ਟਾਊਨ, ਜਲੰਧਰ ਵਿਖੇ, ਮੇਅਰ ਜੀ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ ............... ਮੈਂਬਰ
3. ਸ਼੍ਰੀ ਗਿਆਨ ਚੰਦ, ਕੌਂਸਲਰ ......................................... ਮੈਂਬਰ
4. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
21.12.2021

ਮਤਾ ਨੰ: 1122

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ। (MC funds)

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਰੁਪਏ ਲੱਖਾਂ ਵਿੱਚ

| Sr. No. | Name of Work | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received | House Reso. & date |
|---|---|---|---|---|---|---|---|---|
| 1 | Const. of CC streets in Grover Colony, W.No.74 | 18.53 | 35.10 | 12.03 | The Shiva Co.op L/C Society Ltd. | 1 | 4 | 118(55) dt. 28.10.21 |
| 2 | Renovation of market place and Footpath with interlocking tiles in Urban Estate Phase-1 | 47.65 | 34.40 | 31.26 | The Kundal Co.op L/C Society Ltd. | 1 | 3 | 118(14) dt. 28.10.21 |
| 3 | Const. of Various CC streets, W.No. 35 | 31.10 | 33.53 | 20.67 | The New Amar Co.op L/C Society Ltd. | 1 | 3 | 118(53) dt. 28.10.21 |
| 4 | Const. of streets in interlocking tiles in Khurla Kingra, | 19.00 | 31.99 | 12.92 | The Suraj Co.op L/C Society Ltd. | 1 | 3 | Anti. Dt. 28.10.21 |
| 5 | Const. of streets in interlocking tiles in Model Town near Market | 14.69 | 31.99 | 9.99 | The Suraj Co.op L/C Society Ltd. | 1 | 4 | Anti. Dt. 28.10.21 |
| 6 | P/L of interlocking tiles outside at Kabir Park, W.No.23 | 7.78 | 31.30 | 5.34 | The Kundal Co.op L/C Society Ltd. | 1 | 5 | Anti. Dt. 28.10.21 |
| 7 | Const. of CC streets in J.P.Nagar | 35.52 | 30.67 | 24.63 | The Suraj Co.op L/C Society Ltd. | 1 | 3 | Anti. Dt. 11.10.21 |
| 8 | Maintenance of roads, streets and parks in W.No. 28 | 10.00 | 28.10 | 7.19 | The Beas Satluj Co.op L/C Society Ltd. | 1 | 3 | Anti. Dt. 28.10.21 |
| 9 | Const. of side berms on inner roads of Model Town | 48.23 | 27.27 | 35.08 | The Laxmi Co.op L/C Society Ltd. | 1 | 5 | Anti. Dt. 28.10.21 |
| 10 | Const. of side berms of road from Sangha Chowk to Kuki Dhab Chowk and adjoining area. | 47.10 | 27.27 | 34.26 | The Laxmi Co.op L/C Society Ltd. | 1 | 7 | Anti. Dt. 28.10.21 |
| 11 | Maintenance of roads, streets and parks in Deep Nagar | 10.00 | 27.01 | 7.30 | The Kundal Co.op L/C Society Ltd. | 1 | 3 | Anti. Dt. 28.10.21 |
| 12 | Maintenance of roads, streets and parks in W.No.29 | 10.00 | 26.99 | 7.30 | The Suraj Co.op L/C Society Ltd. | 1 | 3 | Anti. Dt. 28.10.21 |
| 13 | Maintenance of roads, streets and parks in Village Dhina | 10.00 | 26.86 | 7.31 | The Kundal Co.op L/C Society Ltd. | 1 | 3 | Anti. Dt. 28.10.21 |
| 14 | Maintenance of roads, streets and parks in village Khusropur | 10.00 | 25.01 | 7.50 | The Kundal Co.op L/C Society Ltd. | 1 | 4 | Anti. Dt. 28.10.21 |
| 15 | P/F of road furniture in Ward No. 12 | 9.90 | 22.58 | 7.66 | The Bhagwati Co.op L/C Society Ltd. | 1 | 3 | 72(90) dt. 27.7.2021 |
| 16 | Const. of various streets in Ward No. 62 | 54.86 | 18.84 | 44.52 | Shiv Kumar Bansal Contractor | 1 | 4 | Anti. Dt.18.8.21 |
| 17 | Providing and fixing of Sign Board in GTB Nagar near Manbro chowk and GTB Entrance, W.No. 31 | 7.30 | 7.86 | 6.73 | The Bhagwati Co.op L/C Society Ltd. | 3 | 2 | Anti. Dt.8.4.21 |
| 18 | Const. of wall along Ganda Nala at Sofi Pind | 32.40 | 2.84 | 31.48 | Rajesh Bansal Contractor | 1 | 3 | Anti. Dt. 28.10.21 |
| 19 | P/L WBM BM and PC in Adjoining streets Village Dakoha Part 1. Ward No. 10 | 48.57 | 2.66 | 47.28 | PP Enterprises | 6 | 1 | 72(15) dt. 27.7.2021 |

| | | | | | | | | |
|---|---|---|---|---|---|---|---|---|
| 20 | P/L WBM BM and PC in adjoining streets Village Dakoha Part 2 Ward No. 10 | 46.19 | 2.66 | 44.96 | PP Enterprises | 6 | 1 | 72(14) dt. 27.7.2021 |
| 21 | Relaying of BC from Diamond Property Dealer to till Railway Line Boundary Wall Golden Avenue Ph-2, W.No. 23 | 16.67 | 1.92 | 16.35 | Rajiv Kumar Aggarwal | 3 | 1 | Anti. Dt. 27.8.21 |

ਕਾਰਜਕਾਰੀ ਇੰਜੀਨੀਅਰ, ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਵਿਚਾਰਣ ਉਪਰੰਤ ਲੜੀ ਨੰ: 18 ਅਤੇ 21 ਸਬੰਧੀ ਐਸ.ਈ.(ਬੀ ਐਡ ਆਰ) ਵਲੋਂ ਦੱਸਿਆ ਗਿਆ ਕਿ ਸਬੰਧਤ ਅਜੰਸੀ/ਠੇਕੇਦਾਰਾਂ ਵਲੋਂ ਇਹਨਾਂ ਕੰਮਾਂ ਲਈ 5.00% ਸੇਵਿੰਗ ਦੇਣ ਲਈ ਸਹਿਮਤੀ ਦਿੱਤੀ ਗਈ ਹੈ। ਜਿਸ ਤੇ ਕਮੇਟੀ ਵਲੋਂ ਇਹਨਾਂ ਕੰਮਾਂ ਦੇ ਟੈਂਡਰਾਂ ਨੂੰ 5.00% ਸੇਵਿੰਗ ਤੇ ਪ੍ਰਵਾਨ ਕਰਨ ਦੀ ਮੰਜੂਰੀ ਦਿੱਤੀ ਜਾਂਦੀ ਹੈ।ਲੜੀ ਨੰ: 19 ਅਤੇ 20 ਦੇ ਟੈਂਡਰਾਂ ਨੂੰ ਲੰਬਿਤ ਕੀਤਾ ਜਾਂਦਾ ਹੈ। ਮਤੇ ਵਿੱਚ ਦਰਜ ਬਾਕੀ ਦੇ ਟੈਂਡਰਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
21.12.2021

ਮਤਾ ਨੰ: 1123

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ। (UEIP Phase-III Funds)

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਰੁਪਏ ਲੱਖਾਂ ਵਿੱਚ

| Sr. No. | Name of Work | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received | House Reso. & date |
|---|---|---|---|---|---|---|---|---|
| 1 | P/L BM and PC in Kabir Avenue | 22.20 | 2.61 | 21.62 | PP Enterprises | 4 | 1 | Anti. Dt. 24.8.2021 |
| 2 | Repair and renovation of park in Gopal Nagar | 3.86 | 8.85 | 3.52 | A One Co-op L/C Society | 4 | 1 | Anti. Dt. 24.8.2021 |
| 3 | Repair and renovation of park in Gopal Nagar near Flower market. | 2.47 | 8.00 | 2.27 | A One Co-op L/C Society | 4 | 1 | Anti. Dt. 24.8.2021 |
| 4 | P/L WBM and PC in Moti Bagh Block A Part-A | 44.21 | 2.61 | 43.06 | PP Enterprises | 4 | 1 | Anti. Dt. 24.8.2021 |

ਕਾਰਜਕਾਰੀ ਇੰਜੀਨੀਅਰ, ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ) ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

21.12.2021

ਮਤਾ ਨੰ: 1124

**ਵਿਸ਼ਾ:-** **ਮਾਨਯੋਗ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਨ-ਪ੍ਰਵਾਨਗੀ ਬਾਰੇ।(ਅੰਤਮ ਪ੍ਰਵਾਨਗੀ ਹਿਤ)**

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਰਿਕਾਰਡ ਅਨੁਸਾਰ ਨਾਰਥ ਹਲਕੇ ਦੇ ਵਿਕਾਸ ਦੀਆਂ ਮਿਸਲਾਂ ਜਿਹਨ੍ਹਾਂ ਦਾ ਵਰਕ ਆਰਡਰ ਮਾਨਯੋਗ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ-ਪ੍ਰਵਾਨਗੀ ਦੀ ਆਸ ਤੇ ਆਪ ਜੀ ਵਲੋਂ ਕੀਤਾ ਜਾ ਚੁੱਕਾ ਹੈ ਅਤੇ ਇਹਨ੍ਹਾਂ ਮਿਸਲਾਂ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਰੈਗੁਲਰ ਪ੍ਰਵਾਨਗੀ ਲੋੜੀਂਦੀ ਹੈ। ਇਸ ਲਈ ਇਹ ਲਿਸਟ ਅਜੰਡਾ ਬ੍ਰਾਂਚ ਨੂੰ ਅਗਲੇਰੀ ਕਾਰਵਾਈ ਲਈ ਰਿਪੋਰਟ ਹੁਕਮਾਂ ਹਿੱਤ ਪੇਸ਼ ਹੈ।

| Sr. No. | W. No. | Name of Work | Est. Amt (In Lakhs) |
|---|---|---|---|
| 1 | 6 | Const. of park in Suchi Pind. | 36.48 |
| 2 | 70 | Const. of CC roads in W.no. 70 | 9.88 |
| 3 | 80 | Const. of footpath adjacent to Maqsudan Flyover near Amandeep Avenue. | 14.23 |
| 4 | 57 | Const. of Flooring in streets No. 6 Kishanpura. | 6.65 |
| 5 | Gen. | Const. of road at Transport Nagar. | 125.42 |

ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 15.12.2021 ਰਾਹੀਂ ਇਨ੍ਹਾਂ ਟੈਂਡਰਾਂ ਦੀ ਅੰਤਮ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

21.12.2021

ਮਤਾ ਨੰ: 1125

**ਵਿਸਾ:- ਨਗਰ ਨਿਗਮ ਵਿੱਚ ਚੱਲ ਰਹੀਆਂ ਸੀਵਰ ਜੈਟਿੰਗ ਮਸ਼ੀਨਾਂ ਵਾਸਤੇ 3/4" ਸੀਵਰ ਜੈਟਿੰਗ ਹੋਜ਼ ਪਾਇਪ (ਮੇਕ ਪਾਰਕਰ ਇਟਲੀ/ਜੈਕ ਇੱਟਲੀ/ਜਾਉਦਾ ਯ.ਐਸ.ਏ) ਅਤੇ ਸਟੇਨਲੈਸ ਸਟੀਲ ਨੋਜਲਾਂ ਦੀ ਖਰੀਦ ਕਰਨ ਦੇ ਸਾਲਾਨਾਂ ਤਖਮੀਨੇ ਵਿੱਚ 25% ਵਾਧਾ ਕਰਨ ਸਬੰਧੀ।**

| | | |
|---|---|---|
| ਤਖਮੀਨਾਂ ਰੁਪਏ | 20,13,670/- | (18% ਜੀ.ਐਸ.ਟੀ ਸਮੇਤ) |
| ਟੈਂਡਰ ਅਮਾਂਉਂਟ ਰੁਪਏ | 11,74,170/- | ਸੇਵਿੰਗ 41.69% |
| ਅਜੰਸੀ ਦਾ ਨਾਮ | ਮੈਸ: ਲਲੀਤ ਮਸ਼ੀਨਰੀ ਸਟੋਰ, ਨਿਊ ਦਿੱਲੀ। | |

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਵਿਸ਼ੇ ਅਧੀਨ ਕੰਮ ਵਾਸਤੇ ਤਖਮੀਨਾ ਰੁਪਏ 20,13,670/- ਦਾ ਓ.ਐਂਡ.ਐਮ ਸ਼ਾਖਾ ਵਲੋਂ ਤਿਆਰ ਕੀਤਾ ਗਿਆ ਸੀ, ਜਿਸ ਨੂੰ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 144(11) ਮਿਤੀ 24-12-2019 ਰਾਹੀਂ ਦਿੱਤੀ ਗਈ ਸੀ ਅਤੇ ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਵਲੋਂ ਪੱਤਰ ਨੰਬਰ 7894 ਮਿਤੀ 06-02-2020 ਰਾਹੀਂ ਦਿੱਤੀ ਗਈ ਸੀ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਪਹਿਲੀ ਬਾਰੀ ਮਿਤੀ 06-03-2020 ਲਈ ਮੰਗੇ ਗਏ ਤੇ ਕੁੱਲ 3 ਟੈਂਡਰ ਪ੍ਰਾਪਤ ਹੋਏ ਜ਼ੋ ਕਿ ਤਕਨੀਕੀ ਮਿਆਰ ਪਖੋਂ ਪੂਰੇ ਸਨ। ਇਸ ਲਈ ਇਨ੍ਹਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕਰਨ ਤੇ ਘੱਟ ਰੇਟ ਦਾ ਟੈਂਡਰ ਉਕਤ ਅਜੰਸੀ ਦਾ ਪ੍ਰਾਪਤ ਹੋਇਆ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 79 ਮਿਤੀ 08-06-2020 ਰਾਹੀਂ ਪ੍ਰਵਾਨ ਕੀਤਾ ਗਿਆ ਸੀ।

ਇਸ ਉਪਰੰਤ ਇਸ ਦਫਤਰ ਵਲੋਂ ਪੱਤਰ ਨੰਬਰ CE/ET/227 ਮਿਤੀ 10-06-2020 ਰਾਹੀਂ ਅਜੰਸੀ ਨੂੰ ਵਰਕ ਆਰਡਰ ਜਾਰੀ ਕਰਕੇ ਇਕਰਾਰਨਾਮਾ ਕੀਤਾ ਗਿਆ ਤੇ ਸਮਾਨ ਦੀ ਸਪਲਾਈ ਵਾਸਤੇ 12 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਅਜੰਸੀ ਵਲੋਂ ਮਿਥੇ ਸਮੇਂ ਦੋਰਾਨ ਦੋ ਲਾਟਾਂ ਵਿੱਚ ਤਖਮੀਨੇ ਅਧੀਨ ਲਏ ਗਏ ਸਮਾਨ ਦੀ ਸਪਲਾਈ ਨਗਰ ਨਿਗਮ ਨੂੰ ਦੇ ਦਿੱਤੀ ਗਈ ਸੀ ਅਤੇ ਅਜੰਸੀ ਨੂੰ ਇਸ ਦੀ ਅਦਾਇਗੀ ਵੀ ਕਰ ਦਿੱਤੀ ਗਈ ਹੈ।

ਇਥੇ ਇਹ ਦਸਿਆ ਜਾਂਦਾ ਹੈ ਕਿ ਸੀਵਰ ਜੈਟਿੰਗ ਮਸ਼ੀਨਾਂ ਵਾਸਤੇ ਸੀਵਰ ਜੈਟਿੰਗ ਹੋਜ਼ ਪਾਇਪ ਅਤੇ ਸਟੇਨਲੈਸ ਸਟੀਲ ਨੋਜਲਾਂ ਦੀ ਖਰੀਦ ਕਰਨ ਦਾ ਨਵਾਂ ਤਖਮੀਨਾ ਤਿਆਰ ਕਰਨ ਉਪਰੰਤ ਨਗਰ ਨਿਗਮ ਹਾਊਸ ਵਿੱਚ ਪ੍ਰਵਾਨਗੀ ਵਾਸਤੇ ਭੇਜਿਆ ਗਿਆ ਹੈ, ਜਿਸ ਨੂੰ ਕਿ ਅਜੇ ਸਮਾਂ ਲਗ ਸਕਦਾ ਹੈ। ਕਿਉਂ ਜ਼ੋ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਅਤੇ ਸੀਵਰ ਸਿਸਟਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਸੀਵਰ ਜੈਟਿੰਗ ਹੋਜ਼ ਅਤੇ ਨੋਜਲਾਂ ਦਾ ਓ.ਐਂਡ.ਐਮ ਸਟੋਰ ਵਿੱਚ ਹਰ ਵਕਤ ਹੋਣਾ ਜਰੂਰੀ ਹੈ। ਇਥੇ ਇਹ ਵੀ ਦਸਣ ਯੋਗ ਹੈ ਕਿ ਸਮਾਰਟ ਸਿਟੀ ਅਧੀਨ ਓ.ਐਂਡ.ਐਮ ਸੈਲ ਨੂੰ ਤਿੰਨ ਨਵੀਆਂ ਜੈਟਿੰਗ ਮਸ਼ੀਨਾਂ ਮਿਲੀਆਂ ਹਨ ਜ਼ੋ ਕਿ ਇਸ ਵਕਤ ਕੰਮ ਕਰ ਰਹੀਆਂ ਹਨ।

ਅਜੰਸੀ ਵਲੋਂ ਪਹਿਲਾ ਦਿੱਤੀ ਗਈ ਸਮਾਨ ਦੀ ਸਪਲਾਈ ਖਤਮ ਹੋ ਰਹੀ ਹੈ। ਨਵੇਂ ਤਖਮੀਨੇ ਨੂੰ ਪ੍ਰਵਾਨ ਹੋਣ ਵਿੱਚ ਅਜੇ ਸਮਾਂ ਲਗ ਸਕਦਾ ਹੈ। ਕਿਉਂ ਜ਼ੋ ਇਹ ਸਮਾਨ ਲੋੜੀਂਦਾ ਹੈ, ਇਸ ਲਈ ਉਪਰੋਕਤ ਅਜੰਸੀ ਨੂੰ ਈ-ਮੇਲ ਮਿਤੀ 03-11-2021 ਰਾਹੀਂ ਪੁਛਿਆ ਗਿਆ ਹੈ ਕੀ ਉਹ ਪਹਿਲਾ ਪ੍ਰਵਾਨ ਹੋਏ ਰੇਟਾਂ ਤੇ ਹੋਰ ਸਮਾਨ ਦੇਣ ਨੂੰ ਤਿਆਰ ਹਨ ਤਾਂ ਉਨ੍ਹਾਂ ਵਲੋਂ ਇਸ ਬਾਬਤ ਆਪਣੀ ਸਹਿਮਤੀ ਪ੍ਰਗਟਾਈ ਗਈ ਹੈ। ਇਸ ਲਈ ਪਬਲਿਕ ਹਿੱਤ ਵਿੱਚ ਉਪਰੋਕਤ ਅਜੰਸੀ ਤੋਂ ਜੈਟਿੰਗ ਹੋਜ਼ ਅਤੇ ਨੋਜਲਾਂ ਦੀ ਖਰੀਦ ਕਰਨ ਲਈ ਪ੍ਰਵਾਨ ਹੋਏ ਤਖਮੀਨੇ ਵਿੱਚ 25% ਵਾਧਾ ਕਰਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 15.12.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 16.12.2021 ਨਾਲ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

21.12.2021

ਮਤਾ ਨੰ: 1126

**ਵਿਸਾ:-** **ਨਗਰ ਨਿਗਮ ਦੇ ਵੱਖ-ਵੱਖ ਜੋਨਾਂ ਅਧੀਨ ਪੈਂਦੇ ਡਿਸਪੋਜਲਾਂ ਤੇ ਚੱਲ ਰਹੀਆਂ ਵੱਖ-ਵੱਖ ਹਾਰਸ ਅਤੇ ਮੇਕਾਂ ਦੀਆਂ ਨਾਨ ਕਲਾਗ ਸਬਮਰਸੀਬਲ ਮੋਟਰਾਂ ਦੀ ਰੀਵਾਇਡਿੰਗ ਅਤੇ ਰਿਪੇਅਰ ਦੇ ਸਲਾਨਾ ਤਖਮੀਨੇ ਵਿੱਚ 25% ਦਾ ਵਾਧਾ ਕਰਨ ਬਾਰੇ।**

ਤਖਮੀਨਾ ਰੁਪਏ 13,90,925/- ਟੈਂਡਰ ਅਮਾਉਂਟ ਰੁਪਏ 11,47,374/-

ਕੁੱਲ ਸੇਵਿੰਗ 17.51% **25% ਵਾਧੇ ਦੀ ਰਾਸ਼ੀ ਰੁ: 2,86,843/-**

ਅੰਸਜੀ ਦਾ ਨਾਮ : ਮੈਸ: ਗੁਰਦੀਪ ਇਲੈਕਟ੍ਰਿਕਲ ਐਂਡ ਮਕੈਨੀਕਲ ਵਰਕਸ, ਜਲੰਧਰ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਨਗਰ ਨਿਗਮ ਦੇ ਵੱਖ-ਵੱਖ ਜ਼ੋਨਾਂ ਅਧੀਨ ਪੈਂਦੇ ਡਿਸਪੋਜਲਾਂ ਤੇ ਚੱਲ ਰਹੀਆਂ ਵੱਖ-ਵੱਖ ਹਾਸ ਪਾਵਰ ਅਤੇ ਮੇਕ ਦੀਆਂ ਨਾਨ ਕਲੋਗ ਸਬਮਰਸੀਬਲ ਮੋਟਰਾਂ ਦੀ ਰੀਵਾਇਡਿੰਗ ਅਤੇ ਰਿਪੇਅਰ ਦਾ ਸਲਾਨਾ ਤਖਮੀਨਾ ਓ.ਐਂਡ.ਐਮ ਸ਼ਾਖਾ ਵਲੋਂ ਰੁਪਏ 13,90,925/- ਦਾ ਤਿਆਰ ਕੀਤਾ ਗਿਆ ਸੀ, ਜਿਸ ਨੂੰ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 101(21) ਮਿਤੀ 29-11-2019 ਰਾਹੀਂ ਦਿੱਤੀ ਗਈ ਸੀ। ਇਸ ਤਖਮੀਨੇ ਦੀ ਅੰਤਿਮ ਪ੍ਰਵਾਨਗੀ ਸਥਾਨਕ ਸਰਕਾਰ ਵਲੋਂ ਸ5-ਡਸਸ-ਮਸਸ-2020/9305 ਮਿਤੀ 18-02-2020 ਰਾਹੀਂ ਦਿੱਤੀ ਗਈ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ ਸਿਸਟਮ ਅਧੀਨ ਠੇਕੇਦਾਰਾਂ ਕੋਲੋਂ ਮਿਤੀ 28-02-2020 ਲਈ ਮੰਗੇ ਗਏ ਸਨ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹੜੇ ਕਿ ਤਕਨੀਕੀ ਪਖੋਂ ਮਿਆਰ ਤੇ ਪੂਰੇ ਸਨ। ਇਸ ਲਈ ਇਨ੍ਹਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਕਤ ਠੇਕੇਦਾਰ ਦੇ ਟੈਂਡਰ ਰੇਟ ਘੱਟ ਪਾਏ ਗਏ, ਜਿਸ ਨੇ ਵਿਸ਼ੇ ਅਧੀਨ ਕੰਮ 17.51% ਦੀ ਸੇਵਿੰਗ ਨਾਲ ਤਖਮੀਨਾ ਰੁਪਏ 13,90,925/- ਦੇ ਵਿਰੁੱਧ ਰੁਪਏ 11,47,374/- ਵਿੱਚ ਕਰਨਾ ਸੀ। ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 111(6) ਮਿਤੀ 24-07-2020 ਰਾਹੀਂ ਦਿੱਤੀ ਗਈ ਸੀ।

ਅਜੰਸੀ ਨਾਲ ਇਕਰਾਰਨਾਮਾਂ ਕਰਨ ਉਪਰੰਤ ਵਰਕ ਆਰਡਰ ਨੰਬਰ ਸੀ.ਈ/ਈ.ਟੀ/245 ਮਿਤੀ 30-07-2020 ਜਾਰੀ ਕੀਤਾ ਗਿਆ ਅਤੇ ਉਪਰੋਕਤ ਕੰਮ ਵਾਸਤੇ 12 ਮਹੀਨੇ/ ਟੈਂਡਰ ਅਮਾਉਂਟ ਖਤਮ ਹੋਣ ਤੱਕ ਦਾ ਸਮਾਂ ਦਿੱਤਾ ਗਿਆ ਸੀ। ਇਸ ਉਪਰੰਤ ਅਜੰਸੀ ਵਲੋਂ ਸਮੇਂ-ਸਮੇਂ ਤੇ ਡਿਸਪੋਜਲਾਂ ਤੇ ਲਗੀਆਂ ਵੱਖ-ਵੱਖ ਹ.ਪ ਦੀਆਂ ਨਾਨ ਕਲਾਗ ਸਬਮਰਸੀਬਲ ਮੋਟਰਾਂ ਦੀ ਰਿਵਾਇਡਿੰਗ ਐਂਡ ਰਿਪੇਅਰ ਦਾ ਕੰਮ ਸਲਾਨਾਂ ਤਖਮੀਨੇ ਦੀ ਟੈਂਡਰ ਅਮਾਂਉਂਟ ਦੇ ਤਹਿਤ ਕਰ ਲਿਆ ਗਿਆ ਹੈ।

ਇਥੇ ਇਹ ਦਸਿਆ ਜਾਂਦਾ ਹੈ ਕਿ ਓ.ਐਂਡ.ਐਮ ਸ਼ਾਖਾ ਵਲੋਂ ਨਗਰ ਨਿਗਮ ਦੇ ਵੱਖ-ਵੱਖ ਜੋਨਾ ਅਧੀਨ ਪੈਂਦੇ ਡਿਸਪੋਜਲਾਂ ਦੀ ਓਪਰੇਸ਼ਨ ਮੇਨਟੀਨੈਂਸ ਦਾ ਨਵਾਂ ਤਖਮੀਨਾ ਤਿਆਰ ਕੀਤਾ ਗਿਆ ਹੈ, ਜਿਸ ਦੇ ਤਹਿਤ ਡਿਸਪੋਜਲਾਂ ਦੀ ਰੀਵਾਇਡਿੰਗ ਅਤੇ ਰਿਪੇਅਰ ਦਾ ਕੰਮ ਵੀ ਇਸੇ ਤਖਮੀਨੇ ਅਧੀਨ ਹੋਣਾ ਹੈ ਅਤੇ ਇਹ ਤਖਮੀਨਾਂ ਨਗਰ ਨਿਗਮ ਹਾਊਸ ਵਿੱਚ ਭੇਜਿਆ ਗਿਆ ਹੈ ਅਤੇ ਨਗਰ ਨਿਗਮ ਹਾਊਸ ਦੀ ਮੰਜੂਰੀ ਹੋਣ ਉਪਰੰਤ ਹੀ ਇਸ ਕੰਮ ਦੇ ਟੈਂਡਰ ਲਗਾਏ ਜਾ ਸਕਦੇ ਹਨ। ਕਿਉਂ ਜੋ ਕਿਸੇ ਵੱਕਤ ਵੀ ਡਿਸਪੋਜਲਾਂ ਤੇ ਲਗੀਆਂ ਹੋਈਆਂ ਨਾਨ ਕਲਾਗ ਸਬਮਰਸੀਬਲ ਮੋਟਰਾਂ ਨੂੰ ਰਿਵਾਇੰਡ ਅਤੇ ਇਨ੍ਹਾਂ ਦੀ ਮਕੈਨੀਕਲ ਰਿਪੇਅਰ ਕਰਵਾਉਣੀ ਪੈ ਜਾਂਦੀ ਹੈ, ਇਸ ਲਈ ਡਿਸਪੋਜਲਾਂ ਨੂੰ ਨਿਰਵਿਘਣ ਚਲਾਉਣ ਵਾਸਤੇ ਇਸ ਕੰਮ ਨੂੰ ਰੋਕਿਆ ਨਹੀਂ ਜਾ ਸਕਦਾ। ਇਸ ਲਈ ਜੱਦ ਤੱਕ ਨਵੇਂ ਤਖਮੀਨੇ ਦੀ ਟੈਂਡਰ ਪ੍ਰਕ੍ਰਿਆ ਪੂਰੀ ਨਹੀਂ ਹੋ ਜਾਂਦੀ, ਉਦੋਂ ਤੱਕ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਦੇ ਤਖਮੀਨੇ ਵਿੱਚ 25% ਵਾਧਾ ਕਰਨ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਰੱਖਣ ਲਈ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 13.12.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 16.12.2021 ਨਾਲ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

21.12.2021

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ ਮੱਦ ਨੰ: 1127 ਤੋਂ 1128 ਤੱਕ ਅਜੰਡੇ ਦੇ ਬਾਹਰੋਂ ਲਈਆਂ ਗਈਆਂ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

21.12.2021

ਮਤਾ ਨੰਬਰ:-1127

**ਵਿਸਾ:-** **ਪ੍ਰੋਵਾਇਡਿੰਗ ਐਂਡ ਇਨਸਟਾਲੇਸ਼ਨ ਆਫ 8" ਡਾਇਆ ਸੀਵਰ ਲਾਈਨ ਐਟ ਮਾਡਲ ਹਾਊਸ ਗੱਲੀ ਨੰਬਰ 11 ਪਿਸ਼ੌਰੀਆਂ ਮੁੱਹਲਾ ਵਾਰਡ ਨੰਬਰ 39 ਸਬੰਧੀ।**

| | | |
|---|---|---|
| ਤਖਮੀਨਾ ਰੁਪਏ | 11,59,064/- | |
| ਟੈਂਡਰ ਅਮਾਉਂਟ ਰੁਪਏ | 10,99,951/- | ਸੇਵਿੰਗ 5.50% (ਆਫਟਰ ਨੈਗੋਸੀਏਸ਼ਨ) |
| ਅੰਜਸੀ ਦਾ ਨਾਮ :- | ਮੈਸ: ਸਰੀਨ ਕੰਟਰੈਕਟਰ, ਜਲੰਧਰ। | |

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਵਿਸ਼ੇ ਤੇ ਕੰਮ ਕਰਵਾਉਣ ਲਈ ਤਖਮੀਨਾ ਰੁਪਏ 11,59,064/- ਦੀ ਪ੍ਰਵਾਨਗੀ ਮਾਨਯੋਗ ਮੇਅਰ ਸਾਹਿਬ ਜੀ ਵਲੋਂ ਆਪਣੇ ਹੁਕਮ ਮਿਤੀ 22-01-2021 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਸੀ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਇਟੀਆਂ ਕੋਲੋਂ ਮਿਤੀ 02-03-2021 ਅਤੇ ਠੇਕੇਦਾਰਾਂ ਤੋਂ ਮਿਤੀ 16-03-2021 ਲਈ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਇਟੀਆਂ ਕੋਲੋਂ ਮਿਤੀ 07-04-2021 ਲਈ ਮੰਗੇ ਗਏ ਪਰੰਤੂ ਕਿਸੇ ਵੀ ਸੁਸਾਇਟੀ ਵਲੋਂ ਟੈਂਡਰਾਂ ਵਿੱਚ ਹਿਸਾ ਨਹੀਂ ਲਿਆ, ਇਸ ਲਈ ਠੇਕੇਦਾਰਾਂ ਤੋਂ ਇਸ ਕੰਮ ਦੇ ਟੈਂਡਰ ਮਿਤੀ 20-04-2021 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਉਕਤ ਅਜੰਸੀ ਦਾ ਪ੍ਰਾਪਤ ਹੋਇਆ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 228 ਮਿਤੀ 28-04-2021 ਰਾਹੀਂ ਠੇਕੇਦਾਰ ਨਾਲ ਨੈਗੋਸੀਏਸ਼ਨ ਕਰਨ ਉਪਰੰਤ ਪ੍ਰਵਾਨ ਕੀਤਾ ਗਿਆ ਸੀ।

ਇਸ ਦਫਤਰ ਦੇ ਪੱਤਰ ਨੰਬਰ CE/ET/OM/112 ਮਿਤੀ 24-05-2021 ਰਾਹੀਂ ਠੇਕੇਦਾਰ ਨੂੰ ਵਰਕ ਆਰਡਰ ਜਾਰੀ ਕਰਕੇ ਇਕਰਾਰਨਾਮਾ ਕੀਤਾ ਗਿਆ ਤੇ ਕੰਮ ਵਾਸਤੇ 3 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਠੇਕੇਦਾਰ ਵਲੋਂ ਮੋਕੇ ਤੇ ਕੰਮ ਸ਼ੁਰੂ ਕਰਕੇ ਅਤੇ ਕੁੱਝ ਕੰਮ ਕਰਨ ਉਪਰੰਤ ਆਪਣਾ ਪਹਿਲਾ ਚੱਲਤ ਬਿਲ ਅਦਾਇਗੀ ਹਿੱਤ ਪੇਸ਼ ਕੀਤਾ ਸੀ, ਜਿਸ ਦੀ ਅਦਾਇਗੀ ਠੇਕੇਦਾਰ ਨੂੰ ਕਰ ਦਿੱਤੀ ਗਈ ਸੀ। ਠੇਕੇਦਾਰ ਵਲੋਂ ਤਖਮੀਨਾਂ ਰੁਪਏ 11,59,064/- ਦੇ ਵਿਰੁੱਧ ਰੁਪਏ 4,32,000/- ਦਾ ਕੰਮ ਹੀ ਕੀਤਾ ਗਿਆ ਹੈ।

ਇਥੇ ਇਹ ਦਸਿਆ ਜਾਂਦਾ ਹੈ ਕਿ ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ ਜੀ ਵਲੋਂ ਆਪਣੇ ਪੱਤਰ ਰਾਹੀਂ ਲਿਖਿਆ ਹੈ ਕਿ ਉਨ੍ਹਾਂ ਦੇ ਵਾਰਡ ਨੰਬਰ 39 ਲਈ ਜ਼ੋ ਵਿਸ਼ੇ ਅਧੀਨ ਕੰਮ ਅਲਾਟ ਹੋਇਆ ਸੀ, ਉਸ ਦੇ ਤਹਿਤ ਠੇਕੇਦਾਰ ਵਲੋਂ ਕੁੱਝ ਇਲਾਕੇ ਵਿੱਚ ਸੀਵਰ ਲਾਈਨ ਪਾਉਣ ਦਾ ਕੰਮ ਕਰ ਦਿੱਤਾ ਗਿਆ ਹੈ ਪਰੰਤੂ ਇਸ ਇਲਾਕੇ ਦੇ ਵਸਨੀਕਾਂ ਵਲੋਂ ਨਿਮਨ ਹਸਤਾਖਰ ਨੂੰ ਬਾਕੀ ਰਹਿੰਦੀਆਂ ਗੱਲੀਆਂ ਵਿੱਚ ਸੀਵਰ ਦਾ ਕੰਮ ਨਾ ਕਰਵਾਉਣ ਬਾਰੇ ਕਿਹਾ ਗਿਆ ਹੈ। ਇਸ ਲਈ ਵਿਸ਼ੇ ਅਧੀਨ ਕੰਮ ਦੇ ਟੈਂਡਰ ਦੀ ਬਚਦੀ ਰਾਸ਼ੀ ਵਿਚੋਂ ਮੇਰੇ ਵਾਰਡ ਨੰਬਰ 39 ਅਧੀਨ ਪੈਂਦੇ ਇਲਾਕੇ ਸਿਧਾਰਥ ਨਗਰ ਨੇੜੇ ਬੁੱਧ ਵਿਹਾਰ ਜਿਥੇ ਕਿ ਇੱਕ ਗੱਲੀ ਵਿੱਚ ਵਾਟਰ ਸਪਲਾਈ ਦੀ ਲਾਈਨ ਨਹੀਂ ਹੈ, ਵਿੱਚ ਇਲਾਕਾ ਨਿਵਾਸੀਆਂ ਨੂੰ ਪਾਣੀ ਦੀ ਸੁਵਿਧਾ ਦੇਣ ਵਾਸਤੇ ਵਾਟਰ ਸਪਲਾਈ ਲਾਈਨ ਪਵਾਈ ਜਾਵੇ।

ਇਸ ਦੇ ਸਬੰਧ ਵਿੱਚ ਇਲਾਕਾ ਜੇ.ਈ ਅਤੇ ਐਸ.ਡੀ.ਓ ਵਲੋਂ ਮੋਕਾ ਚੈਕ ਕਰਨ ਉਪਰੰਤ ਕਰਨ ਉਪਰੰਤ ਸਿਧਾਰਥ ਨਗਰ ਨੇੜੇ ਬੁੱਧ ਵਿਹਾਰ ਦੀ ਇੱਕ ਗੱਲੀ ਵਿੱਚ ਵਾਟਰ ਸਪਲਾਈ ਦੀ ਜੀ.ਆਈ ਲਾਈਨ ਪਾਉਣ ਵਾਸਤੇ ਤਖਮੀਨਾ ਰੁਪਏ 2,25,515/- ਦਾ ਤਿਆਰ ਕੀਤਾ ਗਿਆ ਹੈ। ਇਸ ਲਈ ਸੀਨੀਅਰ ਡਿਪਟੀ ਮੇਅਰ ਜੀ ਵਲੋਂ ਕੀਤੇ ਗਏ ਹੁਕਮਾਂ ਅਨੁਸਾਰ ਵਿਸ਼ੇ ਅਧੀਨ ਕੰਮ ਦੇ ਟੈਂਡਰ ਦੀ ਬਚਦੀ ਰਕਮ ਵਿਚੋਂ ਸਧਾਰਥ ਨਗਰ ਨੇੜੇ ਬੁੱਧ ਵਿਹਾਰ ਵਿੱਚ ਵਾਟਰ ਸਪਲਾਈ ਲਾਈਨ ਪਾਉਣ ਦਾ ਕੰਮ ਮੈਸ: ਸਰੀਨ ਕੰਟਰੈਕਟਰ ਤੋਂ ਪ੍ਰਵਾਨ ਹੋਏ ਰੇਟਾਂ ਤੇ ਕਰਵਾਉਣ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਰੱਖਣ ਲਈ ਪ੍ਰਵਾਨਗੀ ਹਿੱਤ ਪੇਸ਼ ਹੈ । ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

21.12.2021

ਮਤਾ ਨੰਬਰ:-1128

ਵਿਸ਼ਾ: Renovation of Rock Garden in SUS Nagar. (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 36.79 ਲੱਖ ਟੈਂਡਰ ਅਮਾਉਂਟ ਰੁ: 34.95 ਲੱਖ ਸੇਵਿੰਗ: 5.00%

ਫਰਮ ਦਾ ਨਾਂ:- ਆਸ਼ਨਾ ਕੰਸਟਰਕਸ਼ਨ ਕੰਪਨੀ

ਟੈਂਡਰ ਕਾਲ ਕੀਤੇ:- ਛੇਵੀਂ ਵਾਰੀ ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ। ਜਿਸ ਨੂੰ ਨਗਰ ਨਿਗਮ ਹਾਊਸ ਦੇ ਮਤਾ ਨੰ: 72(88) ਮਿਤੀ 27.7.2021 ਰਾਹੀਂ ਮੰਜ਼ੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

21.12.2021